# ਮਾਡਲ ਟੈਸਟ ਪੇਪਰ
## ਵਿਸ਼ਾ- ਇਤਿਹਾਸ
## ਸ਼੍ਰੇਣੀ- ਬਾਰ੍ਹਵੀਂ
## (2023-24)
## (ਵਿਲੱਖਣ ਸਮੱਰਥਾ ਦੇ ਵਿਦਿਆਰਥੀਆਂ ਲਈ)

**ਸਮਾਂ: 3 ਘੰਟੇ** **ਕੁੱਲ ਅੰਕ : 80**

**ਭਾਗ (ੳ)**

**ਬਹੁਵਿਕਲਪੀ ਪ੍ਰਸ਼ਨ** $(2 \times 20 = 40)$

**1. ਸਹੀ ਵਿਕਲਪ ਦੀ ਚੋਣ ਕਰੋ। ਸਾਰੇ ਪ੍ਰਸ਼ਨ ਜਰੂਰੀ ਹਨ।**

(i) ਬਿਸਤ ਦੁਆਬ, ------ ਅਤੇ --------- ਨਦੀਆਂ ਵਿਚਕਾਰਲੇ ਖੇਤਰ ਨੂੰ ਕਿਹਾ ਜਾਂਦਾ ਹੈ।

(ੳ) ਬਿਆਸ,ਸਤਲੁਜ (ਅ) ਸਤਲੁਜ, ਰਾਵੀ (ੲ) ਰਾਵੀ, ਚਨਾਬ (ਸ) ਚਨਾਬ, ਬਿਆਸ

(ii) ਸਿੱਖਾਂ ਦੀ ਭਗਤਮਾਲਾ ਗ੍ਰੰਥ ਦੀ ਰਚਨਾ ਕਿਸਨੇ ਕੀਤੀ ?

(ੳ) ਭਾਈ ਮਨੀ ਸਿੰਘ (ਅ) ਬੂਟੇ ਸ਼ਾਹ (ੲ) ਅਬੁਲ ਫ਼ਜ਼ਲ (ਸ) ਰਤਨ ਸਿੰਘ ਭੰਗੂ

(iii) ਸ਼੍ਰੀ ਗੁਰੂ ਨਾਨਕ ਦੇਵ ਜੀ ਸਬੰਧੀ ਸਥਾਨ ਵਿੱਚੋਂ ਕਿਹੜੇ ਸਥਾਨ ਦਾ ਮੇਲ ਸਹੀ ਨਹੀਂ ਹੈ:

(ੳ) ਜਨਮ (i) ਰਾਏ ਭੋਏ ਦੀ ਤਲਵੰਡੀ

(ਅ) ਨੌਕਰੀ (ii) ਸੁਲਤਾਨਪੁਰ ਲੋਧੀ

(ੲ) ਸੱਚਾ ਸੌਦਾ (iii) ਚੂਹੜਕਾਣਾ

(ਸ) ਸਮਕਾਲੀ ਸ਼ਾਸਕ (iv) ਅਕਬਰ

(iv) ਧਿਆਨ ਨਾਲ ਪੜ੍ਹੋ ਤੇ ਸਹੀ ਉੱਤਰ ਦੀ ਚੋਣ ਕਰੋ:-

1. ਦੂਜੇ ਗੁਰੂ ਸਾਹਿਬ (i) ਸ਼੍ਰੀ ਗੁਰੂ ਅਰਜਨ ਦੇਵ ਜੀ
2. ਅੱਠਵੇਂ ਗੁਰੂ ਸਾਹਿਬ (ii) ਸ਼੍ਰੀ ਗੁਰੂ ਰਾਮਦਾਸ ਜੀ
3. ਚੌਥੇ ਗੁਰੂ ਸਾਹਿਬ (iii) ਸ਼੍ਰੀ ਗੁਰੂ ਹਰਕ੍ਰਿਸ਼ਨ ਜੀ
4. ਪੰਜਵੇ ਗੁਰੂ ਸਾਹਿਬ (iv) ਸ਼੍ਰੀ ਗੁਰੂ ਅੰਗਦ ਦੇਵ ਜੀ

ਉਪਰੋਕਤ ਦੇ ਅਧਾਰ ਤੇ ਸਹੀ ਉੱਤਰ ਦੀ ਚੌਣ ਕਰੋ :-

| | 1 | 2 | 3 | 4 |
|---|---|---|---|---|
| (ੳ) | (i) | (ii) | (iii) | (iv) |
| (ਅ) | (iv) | (i) | (ii) | (iii) |
| (ੲ) | (iii) | (ii) | (i) | (iv) |
| (ਸ) | (iv) | (iii) | (ii) | (i) |

(v) ਕਿਸ ਗੁਰੂ ਸਾਹਿਬਾਨ ਨੇ 2200 ਘੋੜਸਵਾਰਾਂ ਦੀ ਸੈਨਾ ਤਾਂ ਰੱਖੀ, ਪਰ ਕਦੇ ਯੁੱਧ ਨਹੀਂ ਕੀਤਾ?

(ੳ) ਸ਼੍ਰੀ ਗੁਰੂ ਰਾਮਦਾਸ ਜੀ (ਅ) ਸ਼੍ਰੀ ਗੁਰੂ ਅੰਗਦ ਦੇਵ ਜੀ

(ੲ) ਸ਼੍ਰੀ ਗੁਰੂ ਹਰਿਰਾਇ ਜੀ (ਸ) ਸ਼੍ਰੀ ਗੁਰੂ ਅਮਰਦਾਸ ਜੀ

(vi) (1) ਆਪ ਜੀ ਨੂੰ ਬੰਦੀ ਛੋੜ ਬਾਬਾ ਕਿਹਾ ਜਾਂਦਾ ਹੈ।

(2) ਆਪ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ।

ਉਪਰੋਕਤ ਵਾਕ ਕਿਸ ਗੁਰੂ ਸਾਹਿਬ ਨਾਲ ਸਬੰਧਿਤ ਹਨ:-

(ੳ) ਸ੍ਰੀ ਗੁਰੂ ਅਰਜਨ ਦੇਵ ਜੀ (ਅ) ਸ੍ਰੀ ਗੁਰੂ ਹਰਗੋਬਿੰਦ ਜੀ

(ੲ) ਸ੍ਰੀ ਗੁਰੂ ਤੇਗ ਬਹਾਦਰ ਜੀ (ਸ) ਸ੍ਰੀ ਗੁਰੂ ਅੰਗਦ ਦੇਵ ਜੀ

(vii) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆਂ?

(ੳ) 1633 ਈ. (ਅ) 1666 ਈ.

(ੲ) 1677 ਈ. (ਸ) 1699 ਈ.

(viii) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਸਥਾਨ ਤੇ 'ਜ਼ਫ਼ਰਨਾਮਾ' ਦੀ ਰਚਨਾ ਕੀਤੀ ਕਿਸ ਸਥਾਨ ਤੇ ਲਿਖਿਆ:

(ੳ) ਅਨੰਦਪੁਰ ਸਾਹਿਬ (ਅ) ਦੀਨਾ ਕਾਂਗੜ (ੲ) ਆਲਮਗੀਰ (ਸ) ਮਾਛੀਵਾੜਾ

(ix) ਧਿਆਨ ਨਾਲ ਪੜ੍ਹੋ ਤੇ ਸਹੀ ਉੱਤਰ ਦੀ ਚੋਣ ਕਰੋ:-

1. ਭਾਈ ਤਾਰੂ ਸਿੰਘ ਨੂੰ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ।
2. ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਦਾ ਸਿਰ ਵੱਢਿਆ ਸੀ ।
3. ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ ਸਿੰਘ ਨੂੰ ਚਰਖੜੀਆਂ ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।
4. ਭਾਈ ਮਨੀ ਸਿੰਘ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਉਪਰੋਕਤ ਦੇ ਅਧਾਰ ਤੇ ਸਹੀ ਉੱਤਰ ਚੁਣੋ:-

(ੳ) 1 ਤੇ 3 ਸਹੀ ਹਨ। (ਅ) 2 ਤੇ 3 ਸਹੀ ਹਨ।

(ੲ) ਸਾਰੇ ਸਹੀ ਹਨ (ਸ) ਸਾਰੇ ਗਲਤ ਹਨ।

(x) ਮਹਾਰਾਜਾ ਰਣਜੀਤ ਸਿੰਘ ਦੇ ਵਿੱਤ ਮੰਤਰੀ ਦਾ ਨਾਂ ਸੀ:

(ੳ) ਭਵਾਨੀ ਦਾਸ (ਅ) ਹਰੀ ਸਿੰਘ ਨਲੂਆ (ੲ) ਫਕੀਰ ਅਜੀਜੂਦੀਨ (ਸ) ਧਿਆਨ ਸਿੰਘ

(xi) ਤ੍ਰੈਪੱਖੀ ਸੰਧੀ ਵਿੱਚ ਸ਼ਾਮਲ਼ ਨਹੀਂ ਸੀ:

(ੳ) ਅੰਗਰੇਜ਼ (ਅ) ਮਹਾਰਾਜਾ ਰਣਜੀਤ ਸਿੰਘ (ੲ) ਅਹਿਮਦ ਸ਼ਾਹ ਅਬਦਾਲੀ (ਸ) ਸ਼ਾਹ ਸੁਜਾ

(xii) ਆਹਲੂਵਾਲੀਆ ਮਿਸਲ ਦਾ ਮੋਢੀ ਕੌਣ ਸੀ?

(ੳ) ਭਾਗ ਸਿੰਘ (ਅ) ਜੱਸਾ ਸਿੰਘ (ੲ) ਜੋਧ ਸਿੰਘ (ਸ) ਹਰੀ ਸਿੰਘ

(xiii) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ ?

(ੳ) 1770 ਈ. (ਅ) 1775 ਈ. (ੲ) 1780 ਈ. (ਸ) 1785 ਈ.

(xiv) ਮਹਾਰਾਜਾ ਰਣਜੀਤ ਸਿੰਘ ਨੇ ਮਾਲਵਾ 'ਤੇ ਕਿੰਨੇ ਹਮਲੇ ਕੀਤੇ?

(ੳ) ਦੋ (ਅ) ਤਿੰਨ (ੲ) ਚਾਰ (ਸ) ਪੰਜ

(xv) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਾਹੀ ਮੋਹਰ 'ਤੇ ਕਿਹੜੇ ਸ਼ਬਦ ਉੱਕਰੇ ਹੋਏ ਸਨ?

(ੳ) ਨਾਨਕ ਸਹਾਇ (ਅ) ਗੋਬਿੰਦ ਸਹਾਇ

(ੲ) ਤੇਗ ਸਹਾਇ (ਸ) ਅਕਾਲ ਸਹਾਇ

(xvi) ਪਹਿਲੇ ਐਂਗਲੋ-ਸਿੱਖ ਯੁੱਧ ਸਮੇਂ ਪੰਜਾਬ ਦਾ ਮਹਾਰਾਜਾ ਕੌਣ ਸੀ?

(ੳ) ਮਹਾਰਾਜਾ ਰਣਜੀਤ ਸਿੰਘ (ਅ) ਮਹਾਰਾਜਾ ਸ਼ੇਰ ਸਿੰਘ

(ੲ) ਮਹਾਰਾਜਾ ਖੜਕ ਸਿੰਘ (ਸ) ਮਹਾਰਾਜਾ ਦਲੀਪ ਸਿੰਘ

(xvii) ਮੁਦਕੀ ਦੀ ਲੜਾਈ ਕਦੋਂ ਲਰੀ ਗਈ?

(ੳ) 12 ਦਸੰਬਰ 1844 (ਅ) 12 ਦਸੰਬਰ 1845

(ੲ) 18 ਦਸੰਬਰ 1844 (ਸ) 18 ਦਸੰਬਰ 1845

(xviii) ਦੂਜੇ ਐਂਗਲੋ-ਸਿੱਖ ਯੁੱਧ ਸਮੇਂ ਪੰਜਾਬ ਦਾ ਗਵਰਨਰ-ਜਨਰਲ ਕੌਣ ਸੀ?

(ੳ) ਲਾਰਡ ਰਿਪਨ (ਅ) ਲਾਰਡ ਡਲਹੌਜ਼ੀ

(ੲ) ਲਾਰਡ ਹਾਰਡਿੰਗ (ਸ) ਲਾਰਡ ਕਾਰਨਵਾਲਿਸ

(xix) ਸਰਦਾਰ ਚਤਰ ਸਿੰਘ ਅਟਾਰੀਵਾਲਾ ਕਿੱਥੋਂ ਦਾ ਨਾਜ਼ਿਮ ਸੀ?

(ੳ) ਮੁਲਤਾਨ (ਅ) ਪਿਸ਼ਾਵਰ

(ੲ) ਹਜ਼ਾਰਾ (ਸ) ਕਸ਼ਮੀਰ

(xx) ਮਹਾਰਾਜਾ ਦਲੀਪ ਸਿੰਘ ਦੀ ਮੌਤ ਕਿੱਥੇ ਹੋਈ ਸੀ?

(ੳ) ਪੰਜਾਬ (ਅ) ਦਿੱਲੀ

(ੲ) ਪੈਰਿਸ (ਸ) ਲੰਡਨ

**ਭਾਗ (ਅ)**

**2. ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਲਾਇਨ ਵਿੱਚ ਦਿਓ :-** $(2 \times 10 = 20)$

**ਖਾਲੀ ਥਾਵਾਂ ਭਰੋ:-**

(i) ਦੁਆਬ ਸ਼ਬਦ ਤੋ ਕੀ ਭਾਵ .............. ਹੈ?

(ii) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਦਾ ਕੀ ਨਾਮ........... ਸੀ ?

(iii) ਮਸੰਦ ਪ੍ਰਥਾ ਦੀ ਸਥਾਪਨਾ ਕਿਸ................. ਨੇ ਕੀਤੀ ?

**ਠੀਕ ਜਾਂ ਗ਼ਲਤ:-**

(iv) ਸ੍ਰੀ ਗੁਰੂ ਹਰਿਕ੍ਰਿਸ਼ਨ ਜੀ 1666 ਈ. ਵਿੱਚ ਜੋਤੀ ਜੋਤ ਸਮਾਏ ਸਨ ।

(v) ਗੁਰੂ ਤੇਗ ਬਹਾਦਰ ਜੀ ਦਾ ਮੁੱਢਲਾ ਨਾਂ ਤਿਆਗ ਮੱਲ ਸੀ ।

(vi) ਦਲ ਖਾਲਸਾ ਦੀ ਸਥਾਪਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ ।

**ਸਹੀ ਮਿਲਾਨ ਕਰੋ:-**

(vii) ਅਨੰਦ ਸਾਹਿਬ (ੳ) ਸ੍ਰੀ ਗੁਰੂ ਅਰਜਨ ਦੇਵ ਜੀ

(viii) ਜਪੁਜੀ ਸਾਹਿਬ (ਅ) ਸ੍ਰੀ ਗੁਰੂ ਰਾਮਦਾਸ ਜੀ

(ix) ਲਾਵਾਂ (ੲ) ਸ੍ਰੀ ਗੁਰੂ ਨਾਨਕ ਦੇਵ ਜੀ

(x) ਸੁਖਮਨੀ ਸਾਹਿਬ (ਅ) ਸ੍ਰੀ ਗੁਰੂ ਅਮਰਦਾਸ ਜੀ

**ਭਾਗ (ੲ)**

**3. ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-** $(2 \times 4 = 8)$

ਸਰਹਿੰਦ ਤੇ ਕਬਜਾ ਕਰਨ ਤੋਂ ਮਗਰੋਂ ਬੰਦਾ ਸਿੰਘ ਨੇ ਬਾਜ ਸਿੰਘ ਬੰਗੇਸ਼ਰੀ ਨੂੰ ਸਰਹਿੰਦ ਦਾ ਸੂਬੇਦਾਰ ਅਤੇ ਆਲੀ ਸਿੰਘ ਸਲੌਂਦੀ ਵਾਲੇ ਨੂੰ ਨਾਇਬ ਸੂਬੇਦਾਰ ਤਨਾਇਤ ਕੀਤਾ।ਬੰਦਾ ਸਿੰਘ ਨੇ 27 ਮਈ 1710 ਦੇ ਦਿਨ ਕਿਲ੍ਹੇ ਦੇ ਬਾਹਰ ਆਮ ਲੋਕਾਂ ਦਾ ਇੱਕ ਇੱਕਠ ਬੁਲਾਇਆ ਅਤੇ ਲੋਕ ਰਾਜ ਦਾ ਐਲਾਨ ਕਰ ਦਿੱਤਾ।ਉਸ ਨੇ ਇਹ ਵੀ ਕਿਹਾ ਕਿ ਜ਼ਮੀਨ ਦਾ ਮਾਲਕ ਕਾਸ਼ਤਕਾਰ (ਵਾਹੀ ਕਰਨ ਵਾਲਾ ਕਿਰਸਾਨ) ਹੀ ਹੋਵੇਗਾ ਅਤੇ ਉਹ ਸਿਰਫ਼ ਇੱਕ ਤਿਹਾਈ ਵਟਾਈ ਸਰਕਾਰ ਨੂੰ ਬੰਦਨ ਵਜੋਂ ਦੇਵੇਗਾ । ਬੰਦਾ ਸਿੰਘ ਨੇ ਜ਼ਮੀਨਦਾਰੀ ਸਿਸਟਮ ਉੱਕਾ ਹੀ ਖ਼ਤਮ ਕਰਨ ਦਾ ਵੀ ਐਲਾਨ ਕਰ ਦਿੱਤਾ। ਇਹ ਬੰਦਾ ਸਿੰਘ ਹੀ

ਸੀ ਜਿਸਨੇ 'ਦਲਿਤ ਜਾਣੇ ਜਾਂਦੇ, ਹੀਣੇ ਤੇ ਨਿਗੂਣੇ ਜਿਹੇ ਕਿਸਾਨਾਂ ਨੂੰ ਜੱਟ ਅਤੇ ਜ਼ਮੀਨਾਂ ਦੇ ਮਾਲਿਕ ਬਣਾ ਦਿੱਤਾ ਸੀ। ਇਹ ਗੱਲ ਕਾਬਲ ਜ਼ਿਕਰ ਹੈ ਕਿ ਦੁਨੀਆਂ ਭਰ ਵਿੱਚ ਜਾਗੀਰਦਾਰੀ ਦਾ ਸਭ ਤੋਂ ਪਹਿਲਾਂ ਖਾਤਮਾ ' ਬਾਬਾ ਬੰਦਾ ਸਿੰਘ ਨੇ ਕੀਤਾ ਸੀ।

**ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

1. ਇਸ ਪੈਰ੍ਹੇ ਵਿੱਚ ਆਏ ਸ਼ਬਦ ' ਲੋਕ ਰਾਜ ' ਤੋਂ ਕੀ ਭਾਵ ਹੈ ? 2
2. ਇਸ ਪੈਰ੍ਹੇ ਅਨੁਸਾਰ ਜਮੀਨ ਦਾ ਮਾਲਕ ਕੌਣ ਹੋਵੇਗਾ ? 2
3. ਜਾਗੀਰਦਾਰੀ ਦਾ ਖਾਤਮਾ ਸਭ ਤੋਂ ਪਹਿਲਾਂ ਕਿਸਨੇ ਕੀਤਾ ? 2
4. ਕਾਸ਼ਤਕਾਰ ਸ਼ਬਦ ਦਾ ਕੀ ਅਰਥ ਹੈ ? 2

## ਭਾਗ (ਸ)

**4. ਕੋਈ ਚਾਰ ਪ੍ਰਸ਼ਨਾਂ ਕਰੋ। ਹਰੇਕ ਪ੍ਰਸ਼ਨ ਦਾ ਉੱਤਰ 30-40 ਸ਼ਬਦਾਂ ਵਿੱਚ ਦਿਓ:-** $(3 \times 4 = 12)$

(i) ਗੁਰਮੁਖੀ ਲਿਪੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਯੋਗਦਾਨ ਦੀ ਚਰਚਾ ਕਰੋ।

(ii) ਮੰਜੀ ਪ੍ਰਥਾ 'ਤੇ ਨੋਟ ਲਿਖੋ ।

(iii) ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨੋਟ ਲਿਖੋ।

(iv) ਬਾਬਾ ਬੁੱਢਾ ਜੀ 'ਤੇ ਨੋਟ ਲਿਖੋ।

(v) ਅਕਾਲੀ ਫੂਲਾ ਸਿੰਘ ਕੌਣ ਸੀ ?

(vi) ਬੁੱਢਾ ਦਲ ਅਤੇ ਤਰੁਣਾ ਦਲ ਤੋਂ ਕੀ ਭਾਵ ਹੈ?

(vii) ਦਿੱਤੇ ਗਏ ਪੰਜਾਬ ਦੇ ਮਾਨ-ਚਿੱਤਰ ਵਿੱਚ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਕੋਈ ਤਿੰਨ ਸਥਾਨ ਭਰੋ।

(viii) ਦਿੱਤੇ ਗਏ ਪੰਜਾਬ ਦੇ ਮਾਨ-ਚਿੱਤਰ ਵਿੱਚ ਦੂਜੇ ਐਂਗਲੋ-ਸਿੱਖ ਯੁੱਧ ਦੀਆਂ ਲੜਾਈਆਂ ਦੇ ਕੋਈ ਤਿੰਨ ਸਥਾਨ ਭਰੋ।

**ਵੇਖਣ ਤੋਂ ਅਸਮੱਰਥ ਦਿਵਿਆਂਗ ਵਿਦਿਆਰਥੀਆਂ ਲਈ ਪ੍ਰਸ਼ਨ ਨੰਬਰ (vii) ਅਤੇ (viii) ਦੇ ਸਥਾਨ ਤੇ ਵੱਖਰੇ ਪ੍ਰਸ਼ਨ:-**

(vii) ਵੱਡੇ ਘੱਲੂਘਾਰੇ 'ਤੇ ਨੋਟ ਲਿਖੋ ।

(viii) ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰੇ ਪੰਜਾਬ ਕਿਉ ਕਿਹਾ ਜਾਂਦਾ ਹੈ?